ਇਹ ਦਸਤਾਵੇਜ਼ ਅਲਬਰਟਾ ਹੈਲਥ ਸਰਵਿਸਿਜ਼ ਦੇ ਸਰੋਤਾਂ/ਸਮੱਗਰੀ ਤੋਂ ਲਿਆ ਗਿਆ ਹੈ ਅਤੇ ਇਸਦਾ ਇੱਕ ਤੀਜੀ ਧਿਰ ਦੁਆਰਾ ਅਨੁਵਾਦ ਕੀਤਾ ਗਿਆ ਹੈ।

# ਮਾਪਿਆਂ ਲਈ AHS ਸਕੂਲ ਟੀਕਾਕਰਨ ਪ੍ਰੋਗਰਾਮ ਬਾਰੇ ਸੰਖੇਪ ਜਾਣਕਾਰੀ

21 ਨਵੰਬਰ, 2022

## ਸਕੂਲਾਂ ਵਿੱਚ ਕਿਹੜੇ ਟੀਕੇ ਲਗਾਏ ਜਾਂਦੇ ਹਨ ਅਤੇ ਕਿਹੜੇ ਗ੍ਰੇਡਾਂ ਵਿੱਚ ਲਗਾਏ ਜਾਂਦੇ ਹਨ?

| ਗ੍ਰੇਡ | ਟੀਕਾ | ਵਧੀਕ ਜਾਣਕਾਰੀ |
|---|---|---|
| **ਗ੍ਰੇਡ 6** | ਹੈਪੇਟਾਈਟਸ B (HBV) ਟੀਕਾ | • 2 ਖੁਰਾਕਾਂ, 6 ਮਹੀਨਿਆਂ ਦੇ ਫਾਸਲੇ 'ਤੇ, ਜਦੋਂ ਗ੍ਰੇਡ 6 ਵਿੱਚ ਦਿੱਤੀਆਂ ਜਾਂਦੀਆਂ ਹਨ<br>• HBV ਟੀਕੇ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ<br>• HBV ਟੀਕੇ ਬਾਰੇ ਹੋਰ ਜਾਣਕਾਰੀ Immunize AB (ਇਮਯੂਨਾਈਜ਼ ਏ.ਬੀ.) ਵੈੱਬਸਾਈਟ 'ਤੇ ਹੈ |
| | ਹਿਊਮਨ ਪੈਪੀਲੋਮਾਵਾਇਰਸ (HPV-9) ਟੀਕਾ | • 6 ਮਹੀਨਿਆਂ ਦੌਰਾਨ 2 ਖੁਰਾਕਾਂ ਜਦੋਂ ਗ੍ਰੇਡ 6 ਦੀ ਉਮਰ ਵਿੱਚ ਦਿੱਤੀਆਂ ਜਾਂਦੀਆਂ ਹਨ<br>• HPV-9 ਟੀਕੇ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ<br>• HPV-9 ਟੀਕੇ ਬਾਰੇ ਹੋਰ ਜਾਣਕਾਰੀ Immunize AB (ਇਮਯੂਨਾਈਜ਼ ਏਬੀ) ਵੈੱਬਸਾਈਟ 'ਤੇ ਹੈ |
| **ਗ੍ਰੇਡ 9** | ਡਿਪਥੀਰੀਆ, ਟੈਟਨਸ, ਅਸੈਲੂਲਰ ਪਰਟੂਸਿਸ (dTap) ਟੀਕਾ | • ਗ੍ਰੇਡ 9 ਵਿੱਚ 1 ਖੁਰਾਕ (ਸ਼ੁਰੂਆਤੀ ਬਚਪਨ ਵਿੱਚ ਦਿੱਤੀਆਂ ਗਈਆਂ ਪਹਿਲੀਆਂ ਖੁਰਾਕਾਂ ਤੋਂ ਇਲਾਵਾ)<br>• dTap ਟੀਕੇ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ<br>• dTap ਟੀਕੇ ਬਾਰੇ ਹੋਰ ਜਾਣਕਾਰੀ Immunize AB (ਇਮਯੂਨਾਈਜ਼ ਏਬੀ) ਵੈੱਬਸਾਈਟ 'ਤੇ ਹੈ |
| | ਮੈਨਿਨਜੋਕੋਕਲ ਕੰਨਜੁਗੇਟ A, C, Y, W-135 (MenC-ACYW) ਟੀਕਾ | • ਗ੍ਰੇਡ 9 ਵਿੱਚ 1 ਖੁਰਾਕ<br>• MenC-ACYW ਬਾਰੇ ਅਕਸਰ ਪੁੱਛੇ ਜਾਂਦੇ ਸਵਾਲ<br>• MenC-ACYW ਟੀਕੇ ਬਾਰੇ ਹੋਰ ਜਾਣਕਾਰੀ Immunize AB (ਇਮਯੂਨਾਈਜ਼ ਏ.ਬੀ.) ਵੈੱਬਸਾਈਟ 'ਤੇ ਹੈ |

## ਮੈਨੂੰ ਸਕੂਲ ਵਿੱਚ ਟੀਕਾਕਰਨ ਕਲੀਨਿਕਾਂ ਦੀਆਂ ਤਾਰੀਖਾਂ ਕਦੋਂ ਪਤਾ ਲੱਗਣਗੀਆਂ?

ਤੁਹਾਡੇ ਬੱਚੇ ਦਾ ਸਕੂਲ ਟੀਕਾਕਰਨ ਕਲੀਨਿਕਾਂ ਲਈ ਤਾਰੀਖਾਂ ਬਾਰੇ ਸੂਚਿਤ ਕਰੇਗਾ।

## ਮੇਰੇ ਬੱਚੇ ਵਾਸਤੇ ਸਕੂਲ-ਅਧਾਰਤ ਟੀਕਾਕਰਨ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਮਾਤਾ-ਪਿਤਾ ਦੀ ਸਹਿਮਤੀ ਦੇਣ ਦੀ ਪ੍ਰਕਰਿਆ ਕੀ ਹੈ?

ਇਸ ਤੋਂ ਪਹਿਲਾਂ ਕਿ ਤੁਹਾਡੇ ਬੱਚੇ ਦਾ ਸਕੂਲ ਵਿੱਚ ਟੀਕਾਕਰਨ ਕੀਤਾ ਜਾ ਸਕੇ, ਮਾਪਿਆਂ ਦੀ ਸਹਿਮਤੀ ਦੀ ਲੋੜ ਹੁੰਦੀ ਹੈ। ਤੁਹਾਨੂੰ ਆਪਣੇ ਸਕੂਲ ਤੋਂ ਇੱਕ ਪੈਕੇਜ ਪ੍ਰਾਪਤ ਹੋਵੇਗਾ ਜਿਸ ਵਿੱਚ ਲਗਾਏ ਜਾ ਰਹੇ ਟੀਕੇ ਬਾਰੇ ਜਾਣਕਾਰੀ ਅਤੇ ਇੱਕ ਸਹਿਮਤੀ ਫਾਰਮ ਹੋਵੇਗਾ। ਸਹਿਮਤੀ ਫਾਰਮ ਤੁਹਾਨੂੰ ਡਾਕਟਰੀ ਸਮੱਸਿਆਵਾਂ ਅਤੇ ਐਲਰਜੀਆਂ ਸਮੇਤ, ਤੁਹਾਡੇ ਬੱਚੇ ਦੀ ਸਿਹਤ ਦੇ ਇਤਿਹਾਸ ਬਾਰੇ ਸਵਾਲ ਪੁੱਛੇਗਾ। ਇਸ ਫਾਰਮ ਦੇ ਰਾਹੀਂ ਹੀ ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਤੁਹਾਡੇ ਬੱਚੇ ਨੂੰ ਪੇਸ਼ਕਸ਼ ਕੀਤਾ ਗਿਆ ਟੀਕਾ ਸੁਰੱਖਿਅਤ ਰੂਪ ਵਿੱਚ ਲਗਾਇਆ ਜਾ ਸਕਦਾ ਹੈ। ਯਕੀਨੀ ਬਣਾਓ ਕਿ ਤੁਸੀਂ ਤੁਹਾਨੂੰ ਮੁਹੱਈਆ ਕੀਤੇ ਗਏ ਫਾਰਮ ਅਤੇ ਹੋਰ ਸਾਰੀ ਜਾਣਕਾਰੀ ਨੂੰ ਪੜ੍ਹਦੇ ਹੋ, ਅਤੇ ਫਾਰਮ ਨੂੰ ਪੂਰਾ ਭਰਦੇ ਹੋ।

**ਕਰਿਪਾ ਕਰਕੇ ਨੋਟ ਕਰੋ ਕਿ ਤੁਹਾਨੂੰ ਸਕੂਲਾਂ ਵਿੱਚ ਪੇਸ਼ ਕੀਤੇ ਜਾਣ ਵਾਲੇ ਹਰੇਕ ਟੀਕੇ ਲਈ ਇੱਕ ਨਵਾਂ ਜਾਣਕਾਰੀ ਪੈਕੇਜ ਅਤੇ ਸਹਿਮਤੀ ਫਾਰਮ ਭੇਜਿਆ ਜਾਵੇਗਾ।** ਜੇਕਰ ਤੁਸੀਂ ਕਿਸੇ ਟੀਕੇ ਲਈ ਸਹਿਮਤੀ ਦਿੰਦੇ ਹੋ, ਤਾਂ ਤੁਸੀਂ ਸਹਿਮਤੀ ਦਿੰਦੇ ਹੋ ਕਿ ਤੁਹਾਡੇ ਬੱਚੇ ਨੂੰ ਉਸ ਟੀਕੇ ਦੀਆਂ ਉਸ ਨੂੰ ਲੋੜੀਂਦੀਆਂ ਸਾਰੀਆਂ ਖੁਰਾਕਾਂ ਮਿਲਣਗੀਆਂ। ਤੁਹਾਡੇ ਬੱਚੇ ਨੂੰ ਹਰੇਕ ਟੀਕੇ ਦੀਆਂ ਸਾਰੀਆਂ ਖੁਰਾਕਾਂ ਲੈਣ ਵਿੱਚ 1 ਸਕੂਲੀ ਸਾਲ ਤੋਂ ਵੱਧ ਸਮਾਂ ਲੱਗ ਸਕਦਾ ਹੈ। ਤੁਹਾਡੀ ਸਹਿਮਤੀ ਉਦੋਂ ਤੱਕ ਵੈਧ ਰਹਿੰਦੀ ਹੈ ਜਦੋਂ ਤੱਕ ਤੁਹਾਡੇ ਬੱਚੇ ਨੂੰ ਲੋੜੀਂਦੀਆਂ ਸਾਰੀਆਂ ਖੁਰਾਕਾਂ ਨਹੀਂ ਮਿਲ ਜਾਂਦੀਆਂ ਜਦੋਂ ਤੱਕ ਤੁਸੀਂ ਆਪਣੀ ਸਹਿਮਤੀ ਵਾਪਸ ਨਹੀਂ ਲੈਂਦੇ ਹੋ ਜਾਂ ਤੁਹਾਡੇ ਬੱਚੇ ਦੀ ਸਿਹਤ ਵਿੱਚ ਤਬਦੀਲੀਆਂ ਨਹੀਂ ਹੁੰਦੀਆਂ ਹਨ। ਜੇ ਤੁਹਾਡੇ ਬੱਚੇ ਦੀ ਸਿਹਤ ਬਦਲ ਜਾਂਦੀ ਹੈ ਜਾਂ ਤੁਸੀਂ ਆਪਣੀ ਸਹਿਮਤੀ ਵਾਪਸ ਲੈਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਸਕੂਲ ਦੀ ਪਬਲਿਕ ਹੈਲਥ ਨਰਸ ਨੂੰ ਦੱਸਣ ਲਈ ਉਸ ਨੂੰ ਕਾਲ ਕਰੋ।

## ਟੀਕਾਕਰਨ ਬਾਰੇ ਵਦਿਿਆਰਥੀਆਂ ਨਾਲ ਕਹਿੜੀ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ?

ਵਿਦਿਆਰਥੀਆਂ ਨੂੰ ਉਨ੍ਹਾਂ ਟੀਕਿਆਂ, ਜੋ ਉਨ੍ਹਾਂ ਨੂੰ ਲਗਾਏ ਜਾ ਸਕਦੇ ਹਨ ਅਤੇ ਉਹ ਤੁਹਾਡੇ ਸਰੀਰ ਵਿੱਚ ਕਿਵੇਂ ਕੰਮ ਕਰਦੇ ਹਨ, ਬਾਰੇ ਇੱਕ ਪੇਸ਼ਕਾਰੀ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਇਸ ਬਾਰੇ ਇੱਕ ਆਮ ਵਿਚਾਰ ਵੀ ਦਿੱਤਾ ਜਾਂਦਾ ਹੈ ਕਿ ਟੀਕਾਕਰਨ ਵਾਲੇ ਦਿਨ ਕੀ ਹੋਵੇਗਾ ਅਤੇ ਆਪਣੇ ਅਨੁਭਵ ਦੇ ਪ੍ਰਬੰਧਨ ਲਈ ਰਣਨੀਤੀਆਂ ਸਮੇਤ ਉਹ ਤਿਆਰ ਹੋਣ ਲਈ ਕੀ ਕਰ ਸਕਦੇ ਹਨ। ਇਸ ਬਾਰੇ ਜਾਣਕਾਰੀ ਕਿ ਘਰ ਵਿੱਚ ਉਨ੍ਹਾਂ ਦੇ ਮਾਤਾ-ਪਿਤਾ ਕੋਲ ਕੀ ਜਾ ਰਿਹਾ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਕਿਹੜੀ ਚੀਜ਼ ਸਕੂਲ ਵਾਪਸ ਕਰਨ ਦੀ ਲੋੜ ਹੈ। ਇਸ ਸਮੇਂ ਕਿਸੇ ਵੀ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ।

## ਮੈਂ ਆਪਣੇ ਬੱਚੇ ਦੇ ਟੀਕਾਕਰਨ ਲਈ ਤਆਿਰੀ ਕਵਿੇਂ ਕਰ ਸਕਦਾ/ਸਕਦੀ ਹਾਂ?

1. ਆਪਣੇ ਬੱਚੇ ਨਾਲ ਟੀਕਾਕਰਨ ਬਾਰੇ ਗੱਲ ਕਰੋ। ਵੱਡੀ ਉਮਰ ਦੇ ਬੱਚਿਆਂ ਅਤੇ ਕਿਸ਼ੋਰਾਂ ਕੋਲ ਇਸ ਬਾਰੇ ਸਵਾਲ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਕਿ ਉਨ੍ਹਾਂ ਨੂੰ ਟੀਕਾਕਰਨ ਦੀ ਲੋੜ ਕਿਉਂ ਹੈ, ਅਤੇ ਇਹ ਉਨ੍ਹਾਂ ਦੀ ਇਹ ਸਮਝਣ ਵਿੱਚ ਮਦਦ ਕਰਨ ਲਈ ਇੱਕ ਚੰਗਾ ਸਮਾਂ ਹੈ ਕਿ ਟੀਕਾਕਰਨ ਉਨ੍ਹਾਂ ਨੂੰ ਬਿਮਾਰ ਹੋਣ ਤੋਂ ਰੋਕੇਗਾ।
2. ਆਪਣੇ ਬੱਚੇ ਨਾਲ ਉਨ੍ਹਾਂ ਚੀਜ਼ਾਂ ਬਾਰੇ ਗੱਲ ਕਰੋ ਜੋ ਤੁਸੀਂ ਬੀਤੇ ਸਮੇਂ ਵਿੱਚ ਟੀਕਾਕਰਨ ਅਪਾਇੰਟਮੈਂਟਾਂ ਰਾਹੀਂ ਉਨ੍ਹਾਂ ਦੀ ਮਦਦ ਕਰਨ ਲਈ ਕੀਤੀਆਂ ਸਨ। ਇਸ ਨਾਲ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਉਨ੍ਹਾਂ ਰਣਨੀਤੀਆਂ ਬਾਰੇ ਫੈਸਲਾ ਕਰਨ ਵਿੱਚ ਮਦਦ ਮਿਲ ਸਕਦੀ ਹੈ ਜੋ ਉਹ, ਕਿਸੇ ਵੀ ਚਿੰਤਾ ਨੂੰ ਘੱਟ ਕਰਨ ਲਈ ਜੋ ਉਹ ਆਪਣੇ ਟੀਕਾਕਰਨ ਤੋਂ ਪਹਿਲਾਂ ਜਾਂ ਦੌਰਾਨ ਮਹਿਸੂਸ ਕਰ ਸਕਦੇ ਹਨ, ਹੁਣ ਵਰਤ ਸਕਦੇ ਹਨ।

3. ਆਪਣੇ ਬੱਚੇ ਦੀ ਉਹ ਤਿਆਰ ਕਰਨ ਅਤੇ ਲਿਆਉਣ ਵਿੱਚ ਮਦਦ ਕਰੋ ਜਿਸਦੀ ਉਸ ਨੂੰ ਧਿਆਨ ਭਟਕਾਉਣ ਅਤੇ ਆਰਾਮ ਮਹਿਸੂਸ ਕਰਨ ਲਈ ਲੋੜ ਹੈ।
4. ਆਪਣੇ ਸਕੂਲ ਦੀ ਪਬਲਿਕ ਹੈਲਥ ਨਰਸ ਨੂੰ ਦੱਸੋ ਜੇਕਰ ਤੁਹਾਡੇ ਬੱਚੇ ਨੂੰ:
    - ਬੀਤੇ ਸਮੇਂ ਵਿੱਚ ਕਿਸੇ ਟੀਕਾਕਰਨ ਤੋਂ ਕੋਈ ਗੰਭੀਰ ਮਾੜਾ ਪ੍ਰਭਾਵ ਹੋਇਆ ਸੀ,
    - ਅਜਿਹੀਆਂ ਕੋਈ ਵੀ ਸਮੱਸਿਆਵਾਂ ਹਨ ਜੋ ਜਾਣਕਾਰੀ ਸ਼ੀਟ ਦੇ ਭਾਗ "ਇਹ ਟੀਕਾ ਕਿਸ ਨੂੰ ਨਹੀਂ ਲਗਵਾਉਣਾ ਚਾਹੀਦਾ?" ਵਿੱਚ ਸੂਚੀਬੱਧ ਹਨ,
    - ਉਸ ਦੁਆਰਾ ਲਈ ਜਾਂਦੀ ਕਿਸੇ ਦਵਾਈ ਜਾਂ ਸਿਹਤ ਸਥਿਤੀ ਦੇ ਕਾਰਨ ਉਸ ਦੀ ਰੋਗ-ਪ੍ਰਤਿਰੱਖਿਆ ਪ੍ਰਣਾਲੀ ਕਮਜ਼ੋਰ ਹੈ, ਜਾਂ
    - ਕਿਸੇ ਹੋਰ ਪ੍ਰਦਾਤਾ ਤੋਂ ਇਨ੍ਹਾਂ ਵਿੱਚੋਂ ਕੋਈ ਵੀ ਟੀਕਾ ਪ੍ਰਾਪਤ ਕੀਤਾ ਹੈ, ਜਿਵੇਂ ਕਿ ਡਾਕਟਰ ਜਾਂ ਫਾਰਮਾਸਿਸਟ ਜਾਂ ਕਿਸੇ ਯਾਤਰਾ ਕਲੀਨਿਕ ਤੋਂ (ਉਦਾਹਰਨ ਲਈ, ਕਿਸੇ ਹੋਰ ਸੂਬੇ ਵਿੱਚ)

ਆਪਣੇ ਬੱਚੇ ਲਈ ਟੀਕਾਕਰਨ ਅਨੁਭਵ ਨੂੰ ਬਿਹਤਰ ਬਣਾਉਣ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇੱਥੇ ਜਾਓ:

- ਅਰਾਮ ਪ੍ਰਤੀ ਵਚਨਬੱਧਤਾ | ਅਲਬਰਟਾ ਸਿਹਤ ਸੇਵਾਵਾਂ
- ਟੀਕਾਕਰਨ ਦੇ ਤਜ਼ਰਬੇ ਨੂੰ ਬਿਹਤਰ ਬਣਾਉਣਾ:ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਗਾਈਡ
- ਬੱਚਿਆਂ ਲਈ ਟੀਕਾਕਰਨ ਨੂੰ ਆਸਾਨ ਬਣਾਉਣ ਲਈ ਸੁਝਾਅ (albertahealthservices.ca)

## ਟੀਕਾਕਰਨ ਤੋਂ ਬਾਅਦ ਮੇਰੇ ਬੱਚੇ ਨੂੰ ਕੀ ਅਨੁਭਵ ਹੋ ਸਕਦਾ ਹੈ?

ਟੀਕਾਕਰਨ ਤੋਂ ਬਾਅਦ ਤੁਹਾਡੇ ਬੱਚੇ ਦੇ ਮਾੜੇ ਪ੍ਰਭਾਵ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਉਸ ਨੂੰ ਕਿਹੜਾ ਟੀਕਾ ਲਗਾਇਆ ਗਿਆ ਹੈ। ਇਹ ਜਾਣਕਾਰੀ ਲੱਭਣ ਲਈ, ਰੁਟੀਨ ਟੀਕਾਕਰਨ ਸ਼ਡਿਊਲ ਵਿੱਚ ਜਾਂ ਟੀਕਾ ਜਾਣਕਾਰੀ ਸ਼ੀਟਾਂ ਦੀ ਸੂਚੀ ਵਿੱਚੋਂ ਟੀਕੇ ਦੇ ਨਾਮ 'ਤੇ ਕਲਿੱਕ ਕਰੋ। ਪਬਲਿਕ ਹੈਲਥ ਨਰਸ ਤੁਹਾਡੇ ਬੱਚੇ ਨੂੰ ਟੀਕਾਕਰਨ ਤੋਂ ਬਾਅਦ ਘੱਟੋ-ਘੱਟ 15 ਮਿੰਟ ਤੱਕ ਰੁਕਣ ਦੀ ਮੰਗ ਕਰੇਗੀ। ਇਸ ਨਾਲ ਪਬਲਿਕ ਹੈਲਥ ਨਰਸ ਹੋ ਸਕਣ ਵਾਲੀ ਕਿਸੇ ਵੀ ਤਤਕਾਲ ਐਲਰਜੀ ਵਾਲੀ ਪ੍ਰਤਿਕਰਿਆ ਦੀ ਪਛਾਣ ਕਰ ਸਕੇਗੀ ਅਤੇ ਉਸ ਦਾ ਇਲਾਜ ਕਰ ਸਕੇਗੀ। ਗੰਭੀਰ ਮਾੜਾ ਪ੍ਰਭਾਵ ਹੋਣਾ ਬਹੁਤ ਵਿਰਲਾ ਹੁੰਦਾ ਹੈ। ਕਿਸੇ ਵੀ ਗੰਭੀਰ ਜਾਂ ਅਸਧਾਰਨ ਮਾੜੇ ਪ੍ਰਭਾਵਾਂ ਦੀ ਰਿਪੋਰਟ ਕਰਨ ਲਈ ਹੈਲਥ ਲਿੰਕ ਨੂੰ 811 'ਤੇ ਕਾਲ ਕਰੋ।

## ਟੀਕਾਕਰਨ ਤੋਂ ਬਾਅਦ ਮੈਂ ਆਪਣੇ ਬੱਚੇ ਦੇ ਲੱਛਣਾਂ ਦਾ ਪ੍ਰਬੰਧਨ ਕਵਿੇਂ ਕਰ ਸਕਦਾ/ਸਕਦੀ ਹਾਂ?

ਭਾਵੇਂ ਤੁਹਾਡੇ ਬੱਚੇ ਦੀ ਉਮਰ ਕੋਈ ਵੀ ਹੋਵੇ, ਟੀਕਾਕਰਨ ਤੋਂ ਬਾਅਦ ਉਸ ਨੂੰ ਕੁਝ ਆਮ, ਹਲਕੇ ਅਤੇ ਅਸਥਾਈ ਲੱਛਣਾਂ ਦਾ ਅਨੁਭਵ ਹੋਣਾ ਆਮ ਗੱਲ ਹੈ।

ਇੱਥੇ ਇਨ੍ਹਾਂ ਹਲਕੇ ਲੱਛਣਾਂ ਦਾ ਪ੍ਰਬੰਧਨ ਕਰਨ ਲਈ ਕੁਝ ਸੁਝਾਅ ਹਨ:

- ਬੁਖ਼ਾਰ। ਬੁਖ਼ਾਰ ਵਿੱਚ ਮਦਦ ਕਰਨ ਲਈ ਦਵਾਈ (ਉਦਾਹਰਨ ਲਈ, ਐਸੀਟਾਮਿਨੋਫ਼ਿਨ ਜਾਂ ਆਈਬਿਊਪਰੋਫ਼ੈਨ) ਹੈ। ਜੇਕਰ ਤੁਸੀਂ ਯਕੀਨੀ ਨਹੀਂ ਹੋ ਕਿ ਕਿਹੜੀ ਦਵਾਈ ਜਾਂ ਖ਼ੁਰਾਕ ਦੇਣੀ ਹੈ ਤਾਂ ਆਪਣੇ ਫਾਰਮਾਸਿਸਟ ਜਾਂ ਡਾਕਟਰ ਨਾਲ ਗੱਲ ਕਰੋ। ਪੈਕੇਜ 'ਤੇ ਨਿਰਦੇਸ਼ਾਂ ਦੀ ਪਾਲਣਾ ਕਰੋ। ਜੇਕਰ ਤੁਸੀਂ ਯਕੀਨੀ ਨਹੀਂ ਹੋ ਕਿ ਤੁਹਾਡੇ ਬੱਚੇ ਦਾ ਬੁਖ਼ਾਰ ਟੀਕਾਕਰਨ ਨਾਲ ਸੰਬੰਧਿਤ ਹੈ ਜਾਂ ਨਹੀਂ, ਤਾਂ ਆਪਣੇ ਬੱਚੇ ਨੂੰ ਦਵਾਈ ਦੇਣ ਤੋਂ ਪਹਿਲਾਂ ਹੈਲਥ ਲਿੰਕ ਨੂੰ 811 'ਤੇ ਕਾਲ ਕਰੋ ਜਾਂ ਆਪਣੇ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰੋ।
- ਜਿੱਥੇ ਉਸ ਨੂੰ ਟੀਕਾ ਲਗਾਇਆ ਗਿਆ ਸੀ ਉੱਥੇ ਸੋਜ, ਲਾਲੀ, ਜਾਂ ਦਰਦ ਮਹਿਸੂਸ ਕਰਨਾ। ਜਿਸ ਥਾਂ 'ਤੇ ਟੀਕਾ ਲਗਾਇਆ ਗਿਆ ਸੀ, ਉਸ ਥਾਂ 'ਤੇ ਠੰਡਾ, ਗਿੱਲਾ ਕੱਪੜਾ ਰੱਖੋ। ਦਰਦ ਵਿੱਚ ਮਦਦ ਕਰਨ ਲਈ ਦਵਾਈ ਹੈ। ਜੇਕਰ ਤੁਸੀਂ ਯਕੀਨੀ ਨਹੀਂ ਹੋ ਕਿ ਕਿਹੜੀ ਦਵਾਈ ਜਾਂ ਖ਼ੁਰਾਕ ਲੈਣੀ ਹੈ ਤਾਂ ਆਪਣੇ ਫਾਰਮਾਸਿਸਟ ਜਾਂ ਡਾਕਟਰ ਨਾਲ ਗੱਲ ਕਰੋ। ਪੈਕੇਜ 'ਤੇ ਨਿਰਦੇਸ਼ਾਂ ਦੀ ਪਾਲਣਾ ਕਰੋ।

- 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਐਸਪਰੀਨ ਨਹੀਂ ਲੈਣੀ ਚਾਹੀਦੀ। ਐਸਪਰੀਨ ਰੇਅ (Reye Syndrome) ਸਿੰਡਰੋਮ ਨਾਮਕ ਇੱਕ ਵਿਰਲੀ ਪਰ ਗੰਭੀਰ ਬਿਮਾਰੀ ਦੇ ਜੋਖਮ ਨੂੰ ਵਧਾਉਂਦੀ ਹੈ।
- ਥਕਾਵਟ ਮਹਿਸੂਸ ਕਰਨਾ, ਆਸਾਨੀ ਨਾਲ ਪਰੇਸ਼ਾਨ ਹੋਣਾ ਅਤੇ ਖਾਣ ਦੀ ਇੱਛਾ ਨਾ ਹੋਣੀ। ਕਈ ਵਾਰ ਬੱਚਾ ਥੱਕਿਆ ਮਹਿਸੂਸ ਕਰ ਸਕਦਾ ਹੈ, ਆਸਾਨੀ ਨਾਲ ਪਰੇਸ਼ਾਨ ਹੋ ਸਕਦਾ ਹੈ, ਅਤੇ ਟੀਕਾਕਰਨ ਤੋਂ ਬਾਅਦ ਕੁਝ ਘੰਟਿਆਂ ਲਈ ਖਾਣਾ ਨਹੀਂ ਚਾਹੁੰਦਾ। ਟੀਕਾਕਰਨ ਤੋਂ ਬਾਅਦ ਘਰ ਵਿੱਚ ਸ਼ਾਂਤ ਮਾਹੌਲ ਵਿੱਚ ਆਰਾਮ ਕਰਨ ਦੀ ਯੋਜਨਾ ਬਣਾਓ। ਲੋੜ ਪੈਣ 'ਤੇ ਆਪਣੇ ਬੱਚੇ ਨੂੰ ਫੜੋ ਅਤੇ ਗਲੇ ਲਗਾਓ, ਅਤੇ ਤਾਪਮਾਨ ਨੂੰ ਆਰਾਮਦਾਇਕ ਪੱਧਰ 'ਤੇ ਰੱਖਣਾ ਯਾਦ ਰੱਖੋ - ਜੇਕਰ ਤੁਹਾਡਾ ਬੱਚਾ ਬਹੁਤ ਜ਼ਿਆਦਾ ਗਰਮ ਹੋ ਜਾਂਦਾ ਹੈ ਤਾਂ ਉਸ ਦੇ ਪਰੇਸ਼ਾਨ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

## ਮੈਂ ਹੋਰ ਜਾਣਕਾਰੀ ਲਈ ਕਿੱਥੇ ਜਾ ਸਕਦਾ/ਸਕਦੀ ਹਾਂ?

- ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਗਾਈਡ: ਟੀਕਾਕਰਨ ਦੇ ਤਜ਼ਰਬੇ ਨੂੰ ਬਿਹਤਰ ਬਣਾਉਣਾ
- ਵਿਦਿਆਰਥੀਆਂ ਲਈ: ਟੀਕਾਕਰਨ ਦਾ ਵਧੇਰੇ ਸਕਾਰਾਤਮਕ ਅਨੁਭਵ ਕਿਵੇਂ ਪ੍ਰਾਪਤ ਕਰਨਾ ਹੈ
- ਅਲਬਰਟਾ ਦਾ ਟੀਕਾ ਕਾਰਜਕ੍ਰਮ | ਅਲਬਰਟਾ ਸਿਹਤ ਸੇਵਾਵਾਂ
- ਅਰਾਮ ਪ੍ਰਤੀ ਵਚਨਬੱਧਤਾ | ਅਲਬਰਟਾ ਸਿਹਤ ਸੇਵਾਵਾਂ
- ਅਲਬਰਟਾ ਵਿੱਚ ਟੀਕਾਕਰਨ | ਅਲਬਰਟਾ ਸਿਹਤ ਸੇਵਾਵਾਂ

## ਜੇਕਰ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਮੈਨੂੰ ਕਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ?

ਕਿਰਪਾ ਕਰਕੇ ਸਕੂਲ ਐਡਮਿਨਿਸਟ੍ਰੇਟਰ ਅਤੇ/ਜਾਂ ਤੁਹਾਡੇ ਬੱਚੇ ਦੇ ਸਕੂਲ ਨੂੰ ਦਿੱਤੀ ਗਈ ਪਬਲਿਕ ਹੈਲਥ ਨਰਸ ਨਾਲ ਸੰਪਰਕ ਕਰੋ।